# ਸੰਤ ਕਬੀਰ-ਬਾਣੀ ਦੀ ਸਮਕਾਲੀਨ ਪ੍ਰਸੰਗਿਕਤਾ

*ਯੋਗਿਤਾ ਚੰਦੇਲ **ਡਾ.ਗੁਰਵਿੰਦਰ ਕੌਰ
*** ਖੋਜਾਰਥਣ, ਦੇਸ਼ਭਗਤ ਯੂਨੀਵਰਸਿਟੀ,** **ਸਹਾਇਕ ਪ੍ਰੋਫ਼ੈਸਰ, ਦੇਸ਼ ਭਗਤ ਯੂਨੀਵਰਸਿਟੀ

**ਐਬਸਟ੍ਰੈਕਟ**

ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਮਾਨਵ ਨੇ ਧਰਮ ਦੇ ਵਾਸਤਵਿਕ ਉਦੇਸ਼ਾਂ ਨੂੰ ਹਾਸ਼ੀਏ 'ਤੇ ਰੱਖ ਕੇ ਉਸਦਾ ਰੂਪ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ ਅਤੇ ਮਨੁੱਖਤਾ ਨੈਤਿਕ ਪਤਨ ਦਾ ਸ਼ਿਕਾਰ ਬਣੀ ਹੈ।

ਉਂਞ ਤਾਂ ਧਰਮ ਦਾ ਵਾਸਤਵਿਕ ਸੰਬੰਧ ਤਾਂ ਵਿਅਕਤੀ ਦੇ ਉੱਚ ਵਿਚਾਰਾਂ, ਆਦਰਸ਼ਾਂ, ਮਾਨਵੀ ਸਿਧਾਂਤਾਂ ਨਾਲ ਹੁੰਦਾ ਹੈ, ਪਰ ਜਦੋਂ ਕਬੀਰ ਜੀ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਸਮੇਂ ਵਿਚ ਧਰਮ ਦੇ ਠੇਕੇਦਾਰਾਂ ਨੇ ਧਰਮ ਦੀ ਸਮੁੱਚੀ ਪਰਿਭਾਸ਼ਾ ਤੇ ਮਾਨਤਾਵਾਂ ਹੀ ਬਦਲ ਦਿੱਤੀਆਂ ਸਨ। ਉਸ ਸਮੇਂ ਧਰਮ ਰੱਬ ਦੀ ਪ੍ਰਾਪਤੀ ਦਾ ਮਾਰਗ ਨਾ ਬਣਕੇ ਰੀਤੀ – ਰਿਵਾਜ਼, ਕਰਮ – ਕਾਂਡ ਤੇ ਅਡੰਬਰਾਂ ਦਾ ਢੋਲ ਬਣਕੇ ਹੀ ਰਹਿ ਗਿਆ ਸੀ । ਕਬੀਰ ਬਾਣੀ ਦੀ ਪ੍ਰਾਥਮਿਕਤਾ ਸਮਾਜਿਕ ਵਿਸਮਤਾਵਾਂ ਅਤੇ ਉਸਦੀ ਗਿਰਾਵਟ ਨੂੰ ਹੀ ਦੂਰ ਕਰਨਾ ਨਹੀਂ ਸੀ ਬਲਕਿ ਇਸ ਦੇ ਨਾਲ ਅਧਿਆਤਮਿਕਤਾ ਨੂੰ ਵੀ ਸਮਾਜ ਵਿਚ ਪ੍ਰਤਿਸ਼ਠਿਤ ਕਰਨਾ ਸੀ। ਕਬੀਰ ਜੀ ਨੇ ਸਮਕਾਲੀ ਪਰਿਸਥਿਤੀਆਂ ਵਿਚ ਜੋ ਵੀ ਵਿਚਾਰ ਪੇਸ਼ ਕਰਦੇ ਸੀ, ਅੱਜ ਦੇ ਸਮੇਂ ਵੀ ਉਹ ਉਤਨੇ ਹੀ ਪ੍ਰਾਸੰਗਿਕ ਲਗਦੇ ਹਨ। ਸ਼ਾਇਦ ਕੱਲ ਵੀ ਉਨੇ ਹੀ ਪ੍ਰਾਸੰਗਿਕ ਹੋਣ । ਕਿਉਂਕਿ ਉਨ੍ਹਾਂ ਦੇ ਸਮੇਂ ਮੱਧਕਾਲ ਤੋਂ ਲੈਕੇ ਅੱਜ ਵਰਤਮਾਨ ਤੱਕ ਵੀ ਪਰਿਸਥਿਤੀਆਂ, ਲੋੜਾਂ ਆਪਣਾ ਰੂਪ ਬਦਲ ਕੇ ਓਸੇ ਤਰ੍ਹਾਂ ਦੀਆਂ ਹੀ ਹਨ ਅਤੇ ਕਬੀਰ ਜੀ ਦੇ ਵਿਚਾਰ ਸਮੇਂ ਦੀ ਸੀਮਾਂ ਵਿਚ ਬੰਦਣ ਵਾਲੇ ਵੀ ਨਹੀਂ ਹਨ, ਉਹ ਕਾਲਯੁਗੀ ਹਨ। ਜੁਗਾਂ ਦਾ ਬੰਧਨ ਵੀ ਇਨ੍ਹਾਂ ਨੂੰ ਨਹੀਂ ਬੰਨ੍ਹ ਸਕਦਾ। ਇਸ ਲਈ ਭਗਤ ਕਬੀਰ ਬਾਣੀ ਦੀ ਸਮਕਾਲੀਨ ਅਤੇ ਅਜੋਕੇ ਸਮੇਂ ਵਿੱਚ ਇਸ ਦੀ ਪ੍ਰਸੰਗਿਕਤਾ ਨੂੰ ਸਮਝਣਾ ਇਸ ਖੋਜ ਪੇਪਰ ਦਾ ਵਿਸ਼ਾ ਹੈ।

**Key Words:** ਮਨੁੱਖਤਾ,ਪ੍ਰਸੰਗਿਕਤਾ,ਸਮਕਾਲੀਨ,ਚਿੰਤਨ,ਸਿੱਖਧਰਮ,ਜਾਤ ਪਾਤ,ਖੰਡਨ,ਨੈਤਿਕਤਾ,ਪਤਨ, ਅਡੰਬਰ,

ਕਬੀਰ ਜੀ ਦੀ ਬਾਣੀ ਦਾ ਸਮਕਾਲੀ ਯੁਗ ਵਿਚ ਸਥਾਨ ਨਿਰਧਾਰਿਤ ਕਰਨ ਲਈ ਸਾਡੇ ਲਈ ਉਨ੍ਹਾਂ ਦੇਸਮੇਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਆਰਥਿਕ ਪਰਿਸਥਿਤੀਆਂ ਨੂੰ ਸਮਝਣਾ ਬਹੁਤਜ਼ਰੂਰੀ ਹੋ ਜਾਂਦਾ ਹੈ। ਭਗਤ ਕਬੀਰ ਸਾਹਿਬਜੀ ਦੀ ਸਮੁੱਚੀ ਰਚਨਾ ਆਪਣੇ ਸਮੇਂ ਦੀ ਤਸਵੀਰ ਨੂੰ ਸਪੱਸ਼ਟ ਰੂਪ ਵਿਚ ਬਿਆਨ ਕਰਦੀ ਹੈ। ਕਬੀਰ ਬਾਣੀ ਵਿਚ ਹਿੰਦੂ ਮੁਸਲਮਾਨ ਦੋਹਾਂ ਹੀ ਧਰਮਾਂ ਦੇ ਮਨੁੱਖਾਂ ਲਈ ਪ੍ਰੇਮ ਦਾ ਸੰਦੇਸ਼ ਵੀ ਹੈ। ਭਗਤ ਕਬੀਰ ਜੀ ਦੀ ਬਾਣੀ ਉਨ੍ਹਾਂ ਦੇ ਸੱਚੇ-ਸੁੱਚੇ, ਨਿਧੜਕ, ਨਿਡਰ, ਕ੍ਰਾਂਤੀਕਾਰੀ ਸੰਘਰਸ਼ਮਈ ਜੀਵਨ ਦੀ ਗਵਾਹ ਹੈ ਜਿਹੜੀ ਕਿ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਰੂਪਮਾਨ ਕਰਦੀ ਹੈ। ਉਨ੍ਹਾਂਦੀ ਬਾਣੀ ਨੂੰ ਪੜ੍ਹ ਕੇ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਜੋ ਵੀ ਕਿਹਾ ਉਹ ਆਪਣੀ ਸਧਾਰਣ ਬੋਲੀ ਵਿਚ ਹੀ ਕਿਹਾ ਹੈ, ਕਿਸੇ ਪ੍ਰਕਾਰ ਦੀ ਕੋਈ ਅਲੰਕ੍ਰਿਤ ਸ਼ਿੰਗਾਰੀ ਹੋਈ ਭਾਸ਼ਾ ਦਾ ਇਸਤੇਮਾਲ ਨਹੀਂ ਕੀਤਾ।ਸੰਤ ਕਬੀਰ ਜੀ ਦੀ ਬਾਣੀ ਦਾ ਅਧਿਐਨ ਕਰਨ ਤੋਂ ਬਾਦਇਹ ਨਿਸ਼ਚਿਤ ਹੀ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਸਮੇਂ ਦੇ ਕਿਰਿਆਸ਼ੀਲ ਯੁਗ ਪਰਵਰਤਕ ਰਹੇ ਹਨ।

ਸਿੱਖ ਧਰਮ ਚਿੰਤਨ ਦਾ ਇਹ ਵਿਲੱਖਣ ਚਿੰਨ੍ਹ ਹੈ ਕਿ ਗੁਰੂ ਨੂੰ ਸਦੀਵੀ ਅਤੇ ਸੰਪੂਰਨ ਬਾਣੀ ਅਤੇ ਸ਼ਬਦ ਦੇ ਰੂਪ ਵਿਚ ਮੰਨਿਆ ਗਿਆ ਹੈ। ਗੁਰੂ ਦੇ ਦੇਹਧਾਰੀ ਰੂਪ ਨੂੰ ਬਾਣੀ ਦਾ ਬਦਲ ਪਰਵਾਨ ਨਹੀਂ ਕੀਤਾ ਗਿਆ ਕਿਉਂਕਿ ਦੇਹਧਾਰੀ ਸਰੂਪ ਅਸਥਾਈ ਹੈ ਅਤੇ ਗੁਰੂ ਦਾ ਸਬਦ ਜਾਂ ਗੁਰੂ ਦੀ ਬਾਣੀ ਅਮਰ ਹੈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਵੀ ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਹੈ, ਗੁਰੂ ਦਾ ਰੂਪ ਦੱਸਿਆ ਅਤੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਅਤੇ ਅਗਵਾਈ ਲੈਣ ਦਾ ਹੁਕਮ ਦਿੱਤਾ ਹੋਇਆ ਹੈ।[1]

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤਸਾਰੇ ।।[2]

ਸੋ ਇਸ ਅਧਾਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਦੀ ਬਾਣੀ ਤੋਂ ਇਲਾਵਾ ਸੰਤਾਂ/ਭਗਤਾਂ ਆਦਿ ਮਹਾਂਪੁਰਖਾਂ ਦੀ ਬਾਣੀ ਵੀ ਦਰਜ ਹੈ। ਇਨ੍ਹਾਂ ਵਿਚੋਂ ਸਤਿਗੁਰੂ ਕਬੀਰ ਜੀ ਵੀ ਮੱਧਕਾਲ ਦੇ ਉੱਘੇ ਕ੍ਰਾਂਤੀਕਾਰੀ ਸੰਤ/ਭਗਤ ਕਵੀ ਹੋਏ ਹਨ। ਜਦੋਂ ਅਸੀਂ ਕਬੀਰ ਜੀ ਦੀ ਬਾਣੀ ਦਾ ਸਥਾਨ ਉਨ੍ਹਾਂ ਦੇ ਸਮੇਂ ਵਿਚ ਨਿਰਧਾਰਿਤ ਕਰਾਂਗੇ ਤਾਂ ਇਹ ਉਨ੍ਹਾਂ ਦੇ ਖੁਦ ਦੇ ਸਮਾਜਿਕ ਯੋਗਦਾਨ, ਸਮਾਜਿਕ ਸਥਾਨ ਬਾਰੇ ਜਾਣਕਾਰੀ ਹੋਵੇਗੀ। ਕਿਉਂਕਿ ਕਿਸੇ ਵੀ ਸਾਹਿਤ ਰਚਨਾ ਵਿਚ ਉਸਦੇ ਰਚਣ ਵਾਲੇ ਦਾ ਅਕਸ਼ ਜ਼ਰੂਰ ਉਸ ਰਚਨਾ ਵਿਚ ਸਮਾਹਿਤ ਹੁੰਦਾ ਹੈ। ਜੋ ਉਹ ਸਾਹਿਤਕਾਰ ਆਪਣੇ ਸਮੇਂ ਵਿਚ ਵੇਖ ਰਿਹਾ ਹੁੰਦਾ ਹੈ, ਅਨੁਭਵ ਕਰ ਰਿਹਾ ਹੁੰਦਾ ਹੈ, ਉਹੀ ਸਭ ਕੁੱਝ ਥੋੜੇ ਬਹੁਤ ਬਦਲਾਵ ਨਾਲ ਆਪਣੀ ਰਚਨਾ ਵਿਚ ਪੇਸ਼ ਕਰ ਰਿਹਾ ਹੁੰਦਾ ਹੈ। ਭਗਤ ਕਬੀਰ ਵਰਗੇ ਕ੍ਰਾਂਤੀਕਾਰੀ ਸੁਹਿਰਦ ਤੇ ਚੇਤੰਨ ਮਹਾਂਪੁਰਖ ਵਿਚ ਤਾਂ ਇਹ ਗੁਣ ਹੋਰ ਵੀ ਵੱਧ ਮਾਤਰਾ ਵਿਚ ਹੁੰਦਾ ਹੈ। ਸੋ ਕਬੀਰ ਜੀ ਦੇ ਸਿਧਾਂਤਾਂ, ਧਾਰਮਿਕ ਭਾਵਾਂ ਅਤੇ ਉਨ੍ਹਾਂ ਦੀ ਬਾਣੀ ਨੂੰ ਸਮਝਣ ਲਈ ਸਾਡੇ ਪਾਸ ਇੱਕ -ਇੱਕ ਕਸੌਟੀ ਸਿਰਫ਼ ਉਨ੍ਹਾਂ ਦੀ ਬਾਣੀ ਦੇ ਗ੍ਰੰਥ ਉਨ੍ਹਾਂ ਦੇ ਸੇਵਕਾਂ ਨੇ ਲਿਖੇ, ਕਬੀਰ ਬੀਜਕ, ਕਬੀਰ ਗ੍ਰੰਥਾਵਲੀ, ਸਾਖੀ ਕਬੀਰ, ਅਨੁਰਾਗ ਸਾਗਰ ਉਨ੍ਹਾਂ ਦੀਆਂ ਮੁੱਖ ਰਚਨਾਵਾਂ ਹਨ। ਕਬੀਰ ਜੀ ਦੀ ਕੁੱਝ ਬਾਣੀ ਪੰਚਮ ਪਾਤਸ਼ਾਹ ਜੀ ਨੇ ਸੈਂਚੀਆਂ ਵਿਚੋਂ ਲਈ, ਕੁੱਝ ਕਬੀਰ-ਪੰਥੀਆਂ ਪਾਸੋਂ ਇਕੱਤਰ ਕੀਤੀ। ਸ਼ੁੱਧ ਕਰਕੇ ਬੀੜ ਵਿਚ ਚੜ੍ਹਾਈ। ਜਿੰਨੀਸੰਭਾਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਦੀ ਗੁਰੂਆਂ ਨੇ ਕੀਤੀ, ਓਨੀ ਕਿਸੇ ਹੋਰ ਗ੍ਰੰਥ ਵਿਚ ਸ਼ਾਇਦ ਹੀ ਕੀਤੀ ਹੋਵੇ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹੀ ਸ਼ੁੱਧ ਮੰਨੀ ਜਾਂਦੀ ਹੈ।

ਕਬੀਰ ਜੀ ਦਾ ਭਾਰਤੀ ਸਮਾਜ ਅਤੇ ਸੰਤ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਭਾਰਤ ਵਿਚ ਕਬੀਰ ਸਾਹਿਬ ਦੀ ਆਪਣੀ ਵਿਸ਼ੇਸ਼ ਭੂਮਿਕਾ ਰਹੀ ਹੈ। ਮੱਧਕਾਲ ਵਿਚ ਭਾਰਤੀ ਸਮਾਜ ਵਿਚ ਅਨੇਕਾਂ ਹੀ ਪ੍ਰਕਾਰ ਦੀਆਂ ਸਮਾਜਿਕ ਬੁਰਾਈਆਂ ਆਪਣੀਆਂ ਜੜ੍ਹਾਂ ਸਥਾਪਿਤ ਕਰ ਚੁੱਕੀਆਂ ਸਨ।

ਕਬੀਰ ਜੀ ਨੇ ਆਪਣੀ ਬਾਣੀ ਰਾਹੀਂ ਇਸ ਦਾ ਡੱਟ ਕੇ ਵਿਰੋਧ ਕੀਤਾ ਅਤੇ ਸਮਾਜ ਵਿਚ ਫੈਲੀ ਇਨ੍ਹਾਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦਾ ਪਰਿਆਸ਼ ਕੀਤਾ। ਆਪਣੀ ਗੱਲ ਨਿਰਭੈਤਾ ਨਾਲ ਕਹਿੰਦੇ ਹੋਏ ਹਿੰਦੂਆਂ ਤੇ ਮੁਸਲਮਾਨਾਂ ਦੋਨਾਂ ਨੂੰ ਫਟਕਾਰਿਆ। ਕਬੀਰ ਜੀ ਦੇ ਖਿਆਲਾਂ ਨੂੰ ਗਹੁ ਨਾਲ ਪੜ੍ਹਿਆ ਜਾਵੇ ਤਾਂ ਇਹ ਗੱਲ ਸਮਝ ਆਉਂਦੀ ਹੈ ਕਿ ਆਪ ਹਿੰਦੂ-ਮੁਸਲਮਾਨ ਤੋਂ ਸੁਤੰਤਰ ਤੇ ਨਿਆਰਾ ਪੰਥ ਚਲਾਉਣਾ ਚਾਹੁੰਦੇ ਸਨ। ਆਪ ਦੀ ਇਹ ਇੱਛਾ ਸੀ ਕਿ ਭਾਰਤ ਵਿਚ ਅਜਿਹੇ ਲੋਕਾਂ ਦੀਬਿੱਕ ਜਮਾਤ ਬਣ ਸਕੇ, ਜਿਸ ਵਿਚ ਸੁਤੰਤਰ ਵਿਚਾਰਾਂ ਦੇ ਹਿੰਦੂ ਤੇ ਮਜ਼੍ਹਬੀ ਤਅੱਸੁਬ ਤੋਂ ਰਹਿਤ ਹੋ ਕੇ ਸੱਚ ਦੇ ਖੋਜੀ ਮੁਸਲਮਾਨ ਪਿਆਰ ਨਾਲ ਮਿਲ ਬੈਠਣ। ਇਸ ਆਦਰਸ਼ ਦੀ ਪੂਰਤੀ ਲਈ ਕਬੀਰ ਜੀ ਨੇ ਵੇਦ ਕੁਰਾਨ, ਸਰ੍ਹਾ ਅਤੇ ਕਰਮ-ਕਾਂਡੀ ਧਾਰਮਿਕ ਆਗੂਆਂ ਦੇ ਪਾਖੰਡ ਦਾ ਖੂਬ ਖੰਡਨ ਕੀਤਾ। ਇਥੋਂ ਤੱਕ ਕਿਹਾ:

ਅਰੇ ਇਨ ਦੋਉਨ ਰਾਹ ਨਾ ਪਾਈ॥
ਹਿੰਦੂਅਨ ਕੀ ਹਿੰਦੁਆਨੀ ਦੇਖੀ ਤੁਰਕਨ ਕੀ ਤੁਰਕਾਈ॥
ਕਹਿਤ ਕਬੀਰ ਸੁਨੋ ਭਈ ਸਾਧੋ ਕੌਨ ਰਾਹ ਹੈ ਜਾਈ॥[3]

ਡਾ. ਨਗੇਂਦਰ ਨੇ 'ਹਿੰਦੀ ਸਾਹਿਤ ਕਾ ਇਤਿਹਾਸ' ਕਿਤਾਬ ਵਿਚ ਲਿਖਿਆ ਹੈ ਕਿ, "ਈਸ਼ਵਰ ਔਰ ਮਨੁਯ ਕੇ ਬੀਚ ਸੰਬੰਧ ਸਥਾਪਿਤ ਕਰਨੇ ਕਾ ਏਕ ਮਾਧਿਅਮ ਧਰਮ ਹੈ। ਜਾਤੀ, ਕੁਲ, ਦੇਸ਼ਕਾਲ ਔਰ ਪਰਿਸਥਿਤੀਯੋਂ ਸੇ ਨਿਰਪੇਕਸ਼ ਹੋਕਰ ਨੈਤਿਕ ਦਾਇਤਵ ਕਾ ਨਿਰਵਾਹ ਕਰਨਾ ਧਰਮ ਹੈ। ਧਰਮਾਚਾਰ ਅਥਵਾ ਨੈਤਿਕਤਾ ਸਮਾਜਪਰਕ ਹੈ ਔਰ ਧਰਮ-ਸਾਧਨਾ ਵਿਅਕਤੀਨਿਸ਼ਠ।"[4]ਇਸ ਕਥਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਧਰਮ ਆਪਣੇ ਕਰਤੱਵਿਆਂ ਦਾ ਪੂਰੀ ਨਿਸ਼ਠਾ ਤੇ ਇਮਾਨਦਾਰੀ ਨਾਲ ਪਾਲਨ ਕਰਦੇ ਹੋਏ ਰੱਬ ਨੂੰ ਪ੍ਰਾਪਤ ਕਰਨ ਦਾ ਰਾਹ ਹੈ। ਪਰ ਜਦੋਂ ਵੀ ਮਾਨਵ ਨੇ ਧਰਮ ਦੇ ਵਾਸਤਵਿਕ ਉਦੇਸ਼ਾਂ ਨੂੰ ਹਾਸ਼ੀਏ 'ਤੇ ਰੱਖ ਕੇ ਉਸਦਾ ਰੂਪ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ, ਮਨੁੱਖਤਾ ਨੈਤਿਕ ਪਤਨ ਦਾ ਸ਼ਿਕਾਰ ਬਣੀ ਹੈ।

ਧਰਮ ਦਾ ਵਾਸਤਵਿਕ ਸੰਬੰਧ ਤਾਂ ਵਿਅਕਤੀ ਦੇ ਉੱਚ ਵਿਚਾਰਾਂ, ਆਦਰਸ਼ਾਂ, ਮਾਨਵੀ ਸਿਧਾਂਤਾਂ ਨਾਲ ਹੁੰਦਾ ਹੈ, ਪਰ ਕਬੀਰ ਜੀ ਦੀ ਬਾਣੀ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਯੁੱਗ ਵਿਚ ਧਰਮ ਦੇ ਠੇਕੇਦਾਰਾਂ ਨੇ ਧਰਮ ਦੀ ਸਮੁੱਚੀ ਪਰਿਭਾਸ਼ਾ ਤੇ ਮਾਨਤਾਵਾਂ ਹੀ ਬਦਲ ਦਿੱਤੀਆਂ ਸਨ। ਧਰਮ ਰੱਬ ਦੀ ਪ੍ਰਾਪਤੀ ਦਾ ਮਾਰਗ ਨਾ ਬਣਕੇ ਰੀਤੀ – ਰਿਵਾਜ਼,ਕਰਮ – ਕਾਂਡ ਤੇ ਅਡੰਬਰਾਂ ਦਾ ਢੋਲ ਬਣਕੇ ਹੀ ਰਹਿਗਿਆ ਸੀ ।

ਸੰਤ ਕਬੀਰ ਜੀ ਦੇ ਸਮੇਂ ਧਾਰਮਿਕ ਪਰਿਸਥਿਤੀਆਂ ਬਹੁਤੀਆਂ ਸੰਤੋਸਜਨਕ ਤਾਂ ਨਹੀਂ ਸੀ। ਇੱਕ ਤਰਫ਼ ਤਾਂ ਹਿੰਦੂ (ਬ੍ਰਾਹਮਣ) ਦੇ ਸਾਹਮਣੇਆਪਣੇ ਧਰਮ ਨੂੰ ਬਚਾਉਣ ਦਾ ਸੁਆਲ ਸੀ, ਦੂਜੀ ਤਰਫ਼ ਧਰਮ ਦੇ ਨਾਂ ਤੇ ਫੈਲੇ ਕਰਮ-ਕਾਂਡ, ਮੂਰਤੀ ਪੂਜਾ, ਤੀਰਥ ਜਪ, ਆਦਿ ਮਿੱਥ ਅੰਧਵਿਸ਼ਵਾਸ ਤੋਂ ਮੁਕਤੀ ਦਾ ਸੁਆਲ ਵੀ ਸੀ। ਹਿੰਦੂ ਧਰਮ ਵਿਚ ਜਿਹੜੀਆਂ ਪਿਛੜੀਆਂ ਜਾਤੀਆਂ ਸਨ, ਉਹ ਤਾਂ ਛੂਆ-ਛੂਤ, ਜਾਤੀ ਭੇਦ-ਭਾਵ ਤੇ ਅਮਾਨਵਿਅਤਾ ਦਾ ਸ਼ਿਕਾਰ ਸਨ। ਲਗਭਗ ਮੱਧਕਾਲ ਵਿਚ ਸਾਰਾ ਹੀ ਪਰਿਸ ਨਿਰਾਸ਼ਾਪੂਰਨ ਸੀ। ਸਤਿਗੁਰੂ ਕਬੀਰ ਜੀ ਆਦਿ ਸੰਤਾਂ/ਭਗਤਾਂ ਨੇ ਭਗਤੀ ਅੰਦੋਲਨ ਦੇ ਰਾਹੀਂ ਇਨ੍ਹਾਂ ਵਿਸ਼ੇਸ ਪਰਿਸਥਿਤੀਆਂ ਨਾਲ ਲੜਨ ਦਾ ਕੰਮ ਕੀਤਾ ਤੇ ਇਸ ਅੰਦੋਲਨ ਦਾ ਆਧਾਰ ਬਣੀ ਇਨ੍ਹਾਂ ਮਹਾਂਪੁਰਖਾਂ ਦੀ ਬਾਣੀ। ਬਹੁਤ ਹੱਦ ਤਕ ਕਬੀਰ ਜੀ ਬਾਣੀ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਸਤੁਤ ਕਰਨ ਵਿਚ ਕਾਮਯਾਬ ਵੀ ਰਹੇ ਤੇ ਸਮਕਾਲੀ ਸਮਾਜ ਵਿਚ ਸਮਾਨਤਾ ਦਾ ਵਾਤਾਵਰਣ ਕਾਇਮ ਕਰਨ ਵਿਚ ਸਫਲ [5]ਕਬੀਰ ਜੀ ਦਾ ਸਭ ਤੋਂ ਪਹਿਲਾ ਕੰਮ ਸੀ ਆਡੰਬਰਾਂ ਦਾ ਖੰਡਨ ਕਰਕੇ ਮਾਨਵਤਾ ਨੂੰ ਵਾਤਸਵਿਕਤਾ ਦਾ ਸਾਖਸ਼ਾਤ ਕਰਾਉਣਾ। ਜਰੂਰ ਹੀ ਇਹ ਸਰਲ/ਸੌਖਾ ਕਾਰਜ ਨਹੀਂ ਸੀ, ਪਰ ਫਿਰ ਵੀ ਅਜਿਹੀ ਨਿਰਾਸ਼ਾਪੂਰਨ ਸਥਿਤੀਆਂ ਵਿਚ ਵੀ ਕਬੀਰ ਜੀ ਨੇ ਵਿਰੋਧਾਂ ਦਾ ਸਾਹਮਣਾ ਕਰਦਿਆਂ ਵੀ ਆਪਣੇ ਸੰਘਰਸ਼ ਨੂੰ ਨੇਪਰੇ ਚਾੜਿਆ। ਉਨ੍ਹਾਂ ਨੂੰ ਖੰਡਨ ਕਰਨਾ ਸੀ,ਵਿਅਰਥ ਦੇ ਪਾਖੰਡਾਂ ਦਾ ਤੇ ਉਸ ਦੀ ਥਾਂ ਤੇ ਮਾਨਵੀ ਮੁੱਲਾਂ ਦੀ ਸਥਾਪਨਾ ਕਰਨੀ ਸੀ।

ਭਗਤ ਕਬੀਰ ਜੀ ਦਾ ਸਮਾਂ ਵਿਅਕਤੀਵਾਦੀ ਸਮਾਂ ਸੀ। ਆਪਣੀ-ਆਪਣੀ ਡਫਲੀ ਆਪਣਾ-ਆਪਣਾ ਰਾਗ ਵਾਲਾ ਅਖਾਣ ਹਰ ਖੇਤਰ ਵਿਚ ਪੂਰਨ ਰੂਪ ਵਿਚ ਸੀ। ਕਬੀਰ ਜੀ ਸਮਾਜ ਨੂੰ ਸੱਚ ਦੇ ਮਾਰਗ ਤੇ ਲਿਆਉਣ ਲਈ ਕਿਸੇ ਵੀ ਪਰੰਪਰਾਵਾਦੀ, ਰੂੜ ਹੋ ਚੁੱਕੀ ਮਾਨਤਾਵਾਂ ਨੂੰ ਅਪਣਾਉਣ ਲਈ ਤਿਆਰ ਨਹੀਂ ਸੀ। ਇਹੀ ਕਾਰਨ ਹੈ ਕਿ ਨਾ ਉਨ੍ਹਾਂ ਨੇ ਇਸਲਾਮ ਨੂੰ ਅਪਣਾਇਆ, ਨਾ ਹਿੰਦੂ ਨੂੰ ਤੇ ਉਹ ਆਪਣਾ ਵੱਖਰਾ ਵਿਚਲਾ ਰਾਹ ਤਿਆਰ ਕਰ ਰਹੇ ਸੀ।

ਹਮਰਾ ਝਗੜਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ॥[6]

ਕਬੀਰ ਜੀ ਦੇ ਸਮੇਂ ਸਮਾਜ ਦੀ ਜਿਹੜੀ ਦਸ਼ਾ ਹੈ,ਉਹ ਜ਼ਿਆਦਾ ਚੰਗੀ ਨਹੀਂ ਸੀ। ਸਾਰੀ ਸਮਾਜਿਕ ਵਿਵਸਥਾ ਜਾਤੀਗਤ ਅਤਿਆਚਾਰ, ਉਚ-ਨੀਚ ਦੀ ਭਾਵਨਾ ਤੇ ਆਧਾਰਿਤ ਸੀ। ਕਬੀਰ ਜੀ ਇਹ ਸਭ ਦੇਖ ਕੇ ਹੈਰਾਨ ਸੀ ਕਿ ਧਰਮ ਦੇ ਨਾਂ ਤੇ ਪੂਰਾ ਹੀ ਸਮਾਜ ਪਾਖੰਡਾਂ ਤੇ ਆਡੰਬਰਾਂ ਤੋਂ ਗ੍ਰਸਤ ਹੈ। ਪੰਡਿਤ ਨੂੰ ਆਪਣੇ ਪੁਰਾਣਾਂ ਤੇ ਵੇਦਾਂ ਦਾ ਹੰਕਾਰ ਸੀ ਤੇ ਮੁੱਲਾਂ ਨੂੰ ਸਿਰਫ਼ ਅਪਾਣੀ ਕੁਰਾਨ ਪੜ੍ਹਨ ਦਾ ਸ਼ੌਕ ਸੀ। ਹਿੰਦੂਆਂ ਦੇ ਅਪਾਣੇ ਕਮਰ-ਕਾਂਡ ਸੀ, ਮੁਸਲਮਾਨਾਂ ਦੇ ਆਪਣੇ, ਸਾਰੇ ਹੀ ਮੋਹਗ੍ਰਸਤ ਸੀ:

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰੁ ਨਹੀ ਦੇਖੈ ਕਾਹੇ ਕਉ ਝਖਾ ਮਾਰੈ ॥
ਕਾਜੀ ਸਾਹਿਬੁ ਏਕੋ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ ॥[7]
ਅਲਹੁ ਏਕ ਮਸੀਤਿ ਬਸਤੁ ਹੈ ਅਵਰ ਮੁਲਕ ਕਿਸੁ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥[8]

ਕਬੀਰ ਜੀ ਦੀ ਬਾਣੀ ਤੋਂ ਨਿਸ਼ਚਿਤ ਹੀ ਇਹ ਪਤਾ ਲੱਗਦਾ ਹੈ ਕਿ ਕਬੀਰ ਜੀ ਆਪਣੇ ਸਮੇਂ ਦੇ ਸਭ ਤੋਂ ਵੱਧ ਵਿਦ੍ਰੋਹੀ ਸੀ। ਕਿਉਂਕਿ ਉਨ੍ਹਾਂ ਨੇ ਨਿਰਭੈ ਰੂਪ ਵਿਚ ਹਿੰਦੂ ਤੇ ਮੁਸਲਮਾਨ ਪੁਜਾਰੀ ਵਰਗ ਨੂੰ ਫਟਕਾਰਿਆ, ਹਿੰਦੂ ਨੂੰ ਉਸਦੇ ਅਡੰਬਰਾਂ ਕਰਕੇ ਉਸਦੀ ਆਲੋਚਨਾ ਕੀਤੀ ਤੇ ਮੁਸਲਮਾਨ, ਕਾਜੀ ਨੂੰ ਉਸਦੇ ਅਮਾਨਵੀ ਵਿਵਹਾਰ ਕਰਕੇ ਫਟਕਾਰ ਲਗਾਈ। ਜੋ ਵੀ ਕਿਹਾ ਉਸ ਸਰਲ ਬੋਲੀ ਵਿਚ ਹੀ ਕਿਹਾ ਤਾਂ ਜੋ ਆਮ ਜਨਤਾ ਦੇ ਸਮਝ ਵੀ ਆ ਸਕੇ। ਇਹ ਕਾਰਨ ਵੀ ਹੈ ਕਿ ਕਬੀਰ ਜੀ ਆਪਣੇ ਆਪ ਨੂੰ ਕੋਈ ਵੱਡਾ ਕਵੀ ਸਥਾਪਿਤ ਨਹੀਂ ਕਰਨਾ ਚਾਹੁੰਦੇ ਸੀ, ਉਨ੍ਹਾਂ ਨੇ ਤਾਂ ਜੋ ਵੀ ਕਿਹਾ ਉਹ ਸਹਿਜ ਹੀ ਕਿਹਾ।[9] ਇੱਕ ਥਾਂ 'ਤੇ ਉਹ ਖੁਦ ਕਹਿੰਦੇ ਵੀ ਹਨ ਕਿ ਲੋਕ ਸਾਡੀ ਕਹੀ ਗੱਲ ਜਾਂ ਸ਼ਬਦਾਂ ਨੂੰ ਗੀਤ ਸਮਝਦੇ ਹਨ ਪਰ ਇਹ ਤਾਂ ਬ੍ਰਹਮ ਦਾ ਵਿਚਾਰ ਹੈ ਜੋ ਕੁੱਝ ਸੱਚ ਹੈ ਉਹੀ ਬਿਆਨ ਕੀਤਾ ਹੈ:

ਲੋਗੁ ਜਾਨੈ ਇਹੁ ਗੀਤ ਹੈ, ਇਹ ਤਉ ਬ੍ਰਹਮ ਬੀਚਾਰ।।[10]

ਭਗਤ ਕਬੀਰ ਵਿਚ ਆਪਣੀ ਗੱਲ ਕਹਿਣ ਦੀ ਜਿਹੜੀ ਨਿਡਰਤਾ ਹੈ, ਉਹ ਉਨ੍ਹਾਂ ਦੀ ਬਾਣੀ ਵਿਚ ਵੇਖਣ ਨੂੰ ਮਿਲਦੀ ਹੈ। ਉਹ ਵੀ ਉਸ ਸਮੇਂ ਵਿਚ ਜਦੋਂ ਸਮਾਜਿਕ ਪਰਿਸਥਿਤੀਆਂ ਬਿਲਕੁਲ ਹੀ ਵਿਪਰੀਤ ਹੋਣ ਤੇ ਜਿਸ ਬ੍ਰਾਹਮਣ ਸ਼੍ਰੇਣੀ ਦਾ ਦਬਾਵ ਸਮਾਜ ਉੱਤੇ ਸੀ, ਉਸ ਬਾਰੇ ਕੁੱਝ ਕਹਿਣਾ ਬੜੀ ਔਖੀ ਗੱਲ ਹੈ। ਪਰ ਕਬੀਰ ਜੀ ਨੇ ਇਨ੍ਹਾਂ ਸਾਰੀਆਂ

ਗੱਲਾਂ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਆਪਣੇ ਫ਼ਰਜ਼ ਨੂੰ ਹੀ ਤਵੱਜੋ ਦਿੱਤੀ ਤੇ ਸਮਾਜ ਵਿਚ ਫੈਲੀਆਂ ਬੁਰਾਈਆਂ, ਗਲਤ ਧਾਰਨਾਵਾਂ, ਮਾੜੇ ਸਿਧਾਂਤਾਂ ਦਾ ਡੱਟ ਕੇ ਵਿਰੋਧ ਕੀਤਾ ਤੇ ਖੁੱਲ੍ਹ ਕੇ ਬਿਆਨ ਕੀਤਾ:

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥
ਜੌ ਤੂ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ।।
ਹਮ ਕਤ ਲੋਹੂ ਤੁਮ ਕਤ ਦੂਧ।।
ਕਹੁ ਕਬੀਰ ਜੋ ਬ੍ਰਹਮ ਬੀਚਾਰੈ ।।
ਸੋ ਬ੍ਰਾਹਮਣੁ ਕਹੀਅਤੁ ਹੈ ਹਾਮਰੈ ।।[11]

ਜਯੰਤ ਕੁਮਾਰ ਬੋਰੇ ਦੇ ਇਹ ਸ਼ਬਦ ਬੜੇ ਮਹੱਤਵੂਰਨ ਹਨ, "ਕਬੀਰ ਅਮਰ ਹੈ। ਉਨਕਾ ਸਾਹਿਤਯ ਹੀ ਉਨਕੇ ਭੋਗੇ ਹੁਏ ਯਥਾਰਥ ਕਾ ਏਕ ਸਰਵੋਪਰੀ ਉਦਾਹਰਣ ਹੈ। ਕਬੀਰ ਕੋ ਸਮਾਜ ਕੇ ਸਭੀ ਵਰਗੋਂ ਤੱਕ ਪਹੁੰਚਨੇ ਕੀ ਆਵਸ਼ਕਤਾ ਹੈ। ਕਬੀਰ ਏਕ ਵਿਅਕਤੀ ਹੋਕਰ ਭੀ ਏਕ ਵਿਚਾਰ ਹੈ ਜੋ ਅੱਛੀ ਸਮਾਜ ਵਿਵਸਥਾ ਮੇਂ ਅਪਨੀ ਭੂਮਿਕਾ ਕੋ ਨਿਰਵਹਨ ਕਰਤਾ ਹੈ।"[12] ਨਿਸ਼ਚਿਤ ਹੀ ਕਬੀਰ ਜੀ ਇੱਕ ਸਮਾਜ-ਸੁਧਾਰਕ ਹੀ ਨਹੀਂ ਸਨ ਬਲਕਿ ਭਵਿੱਖ ਦੇ ਵੀ ਨਿਰਮਾਤਾ ਸਨ। ਕਬੀਰ ਬਾਣੀ ਦੀ ਪ੍ਰਾਥਮਿਕਤਾ ਸਮਾਜਿਕ ਵਿਸਮਤਾਵਾਂ ਅਤੇ ਉਸਦੀ ਗਿਰਾਵਟ ਨੂੰ ਹੀ ਦੂਰ ਕਰਨਾ ਨਹੀਂ ਸੀ ਬਲਕਿ ਇਸ ਦੇ ਨਾਲ ਅਧਿਆਤਮਿਕਤਾ ਨੂੰ ਵੀ ਸਮਾਜ ਵਿਚ ਪ੍ਰਤਿਸ਼ਠਿਤ ਕਰਨਾ ਸੀ।

ਸੰਤ ਕਬੀਰ ਜੀ ਨੇ ਆਪਣੇ ਸਮੇਂ ਨੂੰ ਜਿਸ ਦ੍ਰਿਸ਼ਟੀ ਨਾਲ ਦੇਖਣ ਦਾ ਪਰਿਆਸ ਕੀਤਾ ਹੈ, ਇਹੀ ਦ੍ਰਿਸ਼ਟੀ ਹੀ ਹੈ ਜਿਹੜੀ ਉਨ੍ਹਾਂ ਨੂੰ ਉਸ ਸਮੇਂ ਵੀ ਵੱਖਰਾ ਕਰ ਦਿੰਦੀ ਹੈ ਤੇ ਅੱਜ ਵੀ। ਇਹੀ ਦ੍ਰਿਸ਼ਟੀ ਸਮਕਾਲੀ ਸਮਾਜ ਵਿਚ ਉਨ੍ਹਾਂ ਦੀ ਪ੍ਰਾਸੰਗਿਕਤਾ ਨੂੰ ਸਥਾਪਿਤ ਕਰਦੀ ਹੈ। ਕਬੀਰ ਜੀ ਨੇ ਆਪਣੀ ਪ੍ਰਭਾਵਸ਼ਾਲੀ ਬਾਣੀ/ਵਿਚਾਰਧਾਰਾ ਰਾਹੀਂ ਮੱਧਯੁਗ ਵਿਚ ਅਗਿਆਨਤਾ ਦੀ ਨੀਂਦ ਵਿਚ ਸੁੱਤੇ ਭਾਰਤ ਨੂੰ ਜਗਾਇਆ, ਆਪਣੀ ਵੈਚਾਰਿਕ ਸੋਚ ਤੇ ਚਿੰਨ੍ਹ ਦੇ ਨਵੇਂ ਆਯਾਮਾਂ ਨਾਲ ਇੱਕਵੱਖਰੀ ਤੇ ਨਵੀਂ ਚੇਤਨਾ ਦਾ ਉਦਘੋਸ਼ ਕੀਤਾ। ਇਹੀ ਕਾਰਨ ਹੈ ਆਪਣੀ ਵੈਚਾਰਿਕ ਸੰਪਦਾ, ਗੱਲ ਕਹਿਣ ਦੀ ਨਿਡਰਤਾ ਕਰਕੇ ਹੀ ਕਬੀਰ ਜੀ ਦੀ ਬਾਣੀ ਦਾ ਸਥਾਨ ਮੱਧਕਾਲ ਵਿਚ ਪ੍ਰਮੁੱਖ ਹੈ। ਨਿਸ਼ਚਿਤ ਹੀ ਕਬੀਰ ਜੀ ਯੁਗ ਨਿਰਮਾਤਾ, ਧਰਮ ਪ੍ਰਵਰਤਕ ਤੇ ਸਮਾਜਿਕ ਕ੍ਰਾਂਤੀ ਦੇ ਉੱਘੇ ਅਗ੍ਰਣੀ ਮਹਾਂਪੁਰਸ਼ ਸਨ। ਉਨ੍ਹਾਂ ਬਾਰੇ ਜਿੰਨਾ ਵੀ ਕਿਹਾ ਜਾਵੇ ਉਨ੍ਹਾ ਹੀ ਘੱਟ ਹੈ।

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਸਮਾਜਿਕ ਪਰਿਸਕਾਰ ਦੀਆਂ ਅਜਿਹੀਆਂ ਗੱਲਾਂ ਦਾ ਉਲੇਖ ਕੀਤਾ, ਜਿੰਨ੍ਹਾ ਦੇ ਅਧਾਰ 'ਤੇ ਇੱਕ ਚੰਗੇ ਸੱਭਿਅਕ ਸਮਾਜ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਰੱਬ ਨੂੰ ਜਿੰਨਾ ਵੀ ਵੰਡਣ ਦਾ ਪਰਿਆਸ ਕੀਤਾ ਜਾਏਗਾ, ਸਮਾਜ ਵੀ ਉਨਾ ਹੀ ਵਿਭਾਜਿਤ ਹੁੰਦਾ ਰਹੇਗਾ। ਕਬੀਰ ਜੀ ਦੀ ਬਾਣੀ ਇੱਕ ਰੱਬ ਦੀ ਗੱਲ ਕਰਦੀ ਹੈ,ਇੱਕਰੱਬ ਦੀਹੀ ਹੋਂਦ ਨੂੰ ਸਵੀਕਾਰਦੀ ਹੈ।ਇਸ ਸੰਬੰਧ ਵਿਚ ਉਹ ਫੁਰਮਾਨ ਕਰਦੇ ਹਨ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।[13]

ਗੁਰੂ ਕਬੀਰ ਜੀ ਦੀ ਬਾਣੀ ਸਰਵੋਤਮਤਾ, ਸਮਕਾਲੀਨ ਵਾਸਤਵਿਕਤਾ ਦੀ ਬਿਆਨੀ ਕਰਕੇ ਹੈ। ਇਸ ਕਰਕੇ ਉਹ ਇੱਕ ਸੁਹਿਰਦ ਕਵੀ ਸਨ। ਜੋ ਵੀ ਉਨ੍ਹਾਂ ਨੇ ਅਨੁਭਵ ਕੀਤਾ, ਉਹੀ ਲਿਖਿਆ। ਸਮੇਂ, ਸਥਾਨ ਤੋਂ ਪਾਰਲੀ ਵਸਤੂ ਨੂੰ ਵੀ ਥੋੜ੍ਹੀ ਜਿਹੀ ਰਚਨਾ ਵਿਚ ਬੰਨ੍ਹਣ ਦਾ ਸਾਹਸ ਕਰਕੇ ਅਸੰਭਵ ਨੂੰ ਸੰਭਵ ਕਰ ਦਿਖਾਇਆ । ਭਗਤ ਕਬੀਰ ਜੀ ਨੂੰ ਕਾਵਿਗਤ ਰੂੜ੍ਹੀਆਂ ਦੀ ਜਾਣਕਾਰੀ ਨਹੀਂ ਸੀ ਤੇ ਨਾ ਹੀ ਉਹ ਉਨ੍ਹਾਂ ਦੇ ਕਾਇਲ ਸੀ। ਉਨ੍ਹਾਂ ਦੀ ਕਵਿਤਾ/ਬਾਣੀ ਦੇ ਮੁੱਖ ਆਧਾਰ ਹਿਰਦੇ ਦੀ ਪ੍ਰੇਰਣਾ ਮਸਤਕ ਦੀ ਧਾਰਾ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਉਨ੍ਹਾਂ ਨੇ ਆਪਣਾ ਰਾਹ ਆਪ ਬਣਾਇਆ।[14] ਕਬੀਰ ਜੀ ਨੇ ਸਮਕਾਲੀ ਪਰਿਸਥਿਤੀਆਂ ਵਿਚ ਜੋ ਵੀ ਵਿਚਾਰ ਪੇਸ਼ ਕਰਦੇ ਸੀ, ਅੱਜ ਦੇ ਸਮੇਂ ਵੀ ਉਹ ਉਤਨੇ ਹੀ ਪ੍ਰਾਸੰਗਿਕ ਲਗਦੇ ਹਨ। ਸ਼ਾਇਦ ਕੱਲ ਵੀ ਉਨੇ ਹੀ ਪ੍ਰਾਸੰਗਿਕ ਹੋਣ । ਕਿਉਂਕਿ ਉਨ੍ਹਾਂ ਦੇ ਸਮੇਂ ਮੱਧਕਾਲ ਤੋਂ ਲੈਕੇ ਅੱਜ ਵਰਤਮਾਨ ਤੱਕ ਵੀ ਪਰਿਸਥਿਤੀਆਂ, ਲੋੜਾਂ ਆਪਣਾ ਰੂਪ ਬਦਲ ਕੇ ਓਸੇ ਤਰ੍ਹਾਂ ਦੀਆਂ ਹੀ ਹਨ ਅਤੇ ਕਬੀਰ ਜੀ ਦੇ ਵਿਚਾਰ ਸਮੇਂ ਦੀ ਸੀਮਾਂ ਵਿਚ ਬੰਦਣ ਵਾਲੇ ਵੀ ਨਹੀਂ ਹਨ, ਉਹ ਕਾਲਜਯੀ ਹਨ। ਜੁਗਾਂ ਦਾ ਬੰਧਨ ਵੀ ਇਨ੍ਹਾਂ ਨੂੰ ਨਹੀਂ ਬੰਨ੍ਹ ਸਕਦਾ।

ਸਤਿਗੁਰੂ ਕਬੀਰ ਜੀ ਇਕ ਅਜਿਹੇ ਵਿਅਕਤਿਤਵ ਦੇ ਧਾਰਨੀ ਸਨ ਜੋ ਕਿਸੇ ਇੱਕ ਵਰਗ ਦੇ ਨਾ ਹੋ ਕੇ ਸਾਰੇ

ਜਗਤ ਦੇ ਕਲਿਆਣ ਲਈ ਯਤਨਸ਼ੀਲ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਅਧਿਆਤਮਿਕਅਨੁਭਵ ਦੇ ਨਾਲ-ਨਾਲ ਆਪਣੇ ਜੀਵਨ ਦੇ ਅਨੁਭਵ ਨੂੰ ਵੀ ਪੇਸ਼ ਕੀਤਾ ਅਲੋਕਕਿਕਤਾ ਦੇ ਨਾਲ ਲੋਕਿਕਤਾ ਨੂੰ ਜੋੜ ਕੇ ਕਲਾਤਮਿਕਤਾ ਦੀ ਮਿਸਾਲ ਬਣਾਉਂਦੇ ਹਨ। ਕਬੀਰ ਜੀ ਦੀ ਬਾਣੀ ਵਿਚੋਂ ਉਨ੍ਹਾਂ ਦੇ ਵਿਅਕਤਿਤਵ ਦੇ ਜੀਵਨ ਸੰਘਰਸ਼ ਨੂੰ ਦੇਖਦੇ ਹੋਏ ਸਤਿਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਵਡਿਆਈ ਵਿਚ ਫੁਰਮਾਇਆ ਹੈ

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥[15]

**ਹਵਾਲੇ ਟਿੱਪਣੀਆਂ**

1.ਰੂਪ ਸਿੰਘ(ਅੰਪਾ.), ਸੇ ਭਗਤ ਸਤਿਗੁਰੂ ਮਨਿ ਭਾਏ, ਪੰਨਾ 35-36.

2.ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 982.

3.ਗੁਰਨਾਮ ਸਿੰਘ ਮੁਕਤਸਰ (ਪ੍ਰੋ.) ਝੂਠ ਨਾ ਬੋਲ ਪਾਂਡੇ, ਪੰਨਾ 217.

4. ਨਗੇਂਦਰ (ਡਾ.),ਹਿੰਦੀ ਸਾਹਿਤਯ ਕਾ ਇਤਿਹਾਸ,ਪੰਨਾ 11.

5.ਸੁਨੀਲ ਕੁਮਾਰ ਨਾਗਰਾ,ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਕਬੀਰ ਬਾਣੀ ਵਿੱਚ ਯੁੱਗ – ਚੇਤਨਾ ਦਾ ਪ੍ਰਵਚਨ,ਐਮ. ਫਿਲ,ਖੋਜ ਨਿਬੰਧ,ਕੁ.ਵੀ.ਕੁ., ਪੰਨਾ 81.

6.ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1158-59.

7.ਉਹੀ,ਪੰਨਾ483.

8.ਉਹੀ,ਪੰਨਾ1349.

9.ਸੁਨੀਲ ਕੁਮਾਰ ਨਾਗਰਾ,ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਕਬੀਰ ਬਾਣੀ ਵਿੱਚ ਯੁੱਗ – ਚੇਤਨਾ ਦਾ ਪ੍ਰਵਚਨ,ਪੰਨਾ83.

10.ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 335.

11.ਉਹੀ,ਪੰਨਾ 324.

12.ਜਯੰਤ ਕੁਮਾਰ ਬੋਰੋ,ਕਬੀਰ ਦਾਸ ਕੀ ਵਰਤਮਾਨ ਸਮਯ ਮੇ ਪ੍ਰਸੰਗਿਕਤਾ ਕਿ ਸਮੀਕਸ਼ਾ,ਪੰਨਾ 717.

13.ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 1349.

14.ਸੁਨੀਲ ਕੁਮਾਰ ਨਾਗਰਾ,ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਕਬੀਰ ਬਾਣੀ ਵਿੱਚ ਯੁੱਗ – ਚੇਤਨਾ ਦਾ ਪ੍ਰਵਚਨ,ਪੰਨਾ 89.

15.ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 487.